# 4

# ਮਸੀਹ ਦੀ ਦੇਹ

*''ਹੁਣ ਤੁਸੀਂ ਰਲ ਕੇ ਮਸੀਹ ਦੀ ਦੇਹ ਹੋ ਅਤੇ ਇਕ ਇਕ ਕਰਕੇ ਉਹ ਦੇ ਅੰਗ ਹੋ'' (1 ਕੁਰਿੰਥੀਆਂ 12:27)।*

ਮੰਨ ਲਓ ਕਿ ਇਕ ਆਦਮੀ ਛੋਟੇ ਜਹਾਜ਼ ਨੂੰ ਕਾਰ ਵਾਂਗ ਚਲਾਉਣ ਦੀ ਕੋਸ਼ਿਸ਼ ਕਰਦਾ ਹੈ। ਉਸਨੂੰ ਇਹ ਜਹਾਜ਼ ਚਲਾਉਣ ਵਿਚ ਮੁਸ਼ਕਿਲ, ਤਿੱਖੇ ਮੋੜਾਂ ਤੋਂ ਮੁਸ਼ਕਿਲ ਨਾਲ ਮੁੜਨ ਵਾਲਾ, ਮੁਸਾਫ਼ਿਰਾਂ ਲਈ ਅਣਸੁਖਾਵਾਂ, ਸੜਕਾਂ ਤੇ ਚੱਲਣ ਦੇ ਅਯੋਗ ਅਤੇ ਹਾਈਵੇ ਤੇ ਚੱਲਣ ਦੇ ਬਿਲਕੁਲ ਅਯੋਗ ਲੱਗੇਗਾ। ਹਵਾਈ ਜਹਾਜ਼ ਨੂੰ ਕਾਰ ਵਾਂਗ ਚਲਾਉਣ ਲਈ ਲੋੜ ਅਨੁਸਾਰ ਹੋਣ ਦੀ ਗੱਲ ਜਹਾਜ਼ ਦੇ ''ਸੁਭਾਅ'' ਦੇ ਉਲਟ ਹੈ। ਇਸਨੂੰ ਇਸ ਤਰ੍ਹਾਂ ਚਲਾਉਣ ਲਈ ਨਹੀਂ ਬਣਾਇਆ ਗਿਆ ਸੀ ਅਤੇ ਇਸਨੂੰ ਇਸ ਤਰ੍ਹਾਂ ਚਲਾਉਣਾ ਜਹਾਜ਼ ਦੇ ਸੁਭਾਅ ਦੇ ਉਲਟ ਮੰਨਿਆ ਜਾਏਗਾ।

ਨਵੇਂ ਨੇਮ ਦੀ ਕਲੀਸੀਆ ਦੀ ਗ਼ਲਤ ਤਸਵੀਰ ਬਹੁਤਾ ਕਰਕੇ ਕਲੀਸੀਆ ਦੇ ਸੁਭਾਅ ਨੂੰ ਨਾ ਸਮਝਣ ਦੇ ਕਾਰਣ ਹੈ। ਇਸ ਲਈ ਸੰਸਾਰ ਵਿਚ ਕਲੀਸੀਆ ਦੇ ਕੰਮ, ਮਕਸਦ ਅਤੇ ਪਛਾਣ ਨੂੰ ਪੂਰਾ ਪੂਰਾ ਸਮਝਣ ਲਈ ਇਸਦੇ ''ਸੁਭਾਵਿਕ ਚਰਿੱਤਰ'' ਨੂੰ ਸਮਝਣਾ ਜ਼ਰੂਰੀ ਹੈ।

ਜਿਵੇਂ ਅਸੀਂ ਵੇਖ ਲਿਆ ਹੈ ਕਿ ਨਵੇਂ ਨੇਮ ਦੇ ਮੁੱਖ ਇਜ਼ਹਾਰਾਂ (ਖ਼ਾਸ ਕਰ ਪੌਲੁਸ ਦੇ ਲੇਖਾਂ) ਵਿੱਚੋਂ ਇਕ ਪ੍ਰਗਟਾਉ ''ਮਸੀਹ ਦੀ ਦੇਹ'' ਹੈ।[1] ਇਸ ਵਾਕ ਅੰਸ਼ ਦੀ ਵਰਤੋਂ ਕਲੀਸੀਆ ਦੀ ਵਿਹਾਰਿਕ ਉਦਾਹਰਣ (1 ਕੁਰਿੰਥੀਆਂ 12:23-26) ਅਤੇ ਇਸਦੇ ਕਾਰਜਕਾਰੀ ਬਿਆਨ (1 ਕੁਰਿੰਥੀਆਂ 12:27) ਦੇ ਰੂਪ ਵਿਚ ਕੀਤੀ ਜਾਂਦੀ ਹੈ। ਇਸ ਵਾਕ ਅੰਸ਼ ਨੂੰ ਕਲੀਸੀਆ ਦੇ ਸੰਦਰਭ ਵਿਚ ਪੂਰੀ ਤਰ੍ਹਾਂ ਸਮਝੇ ਬਗ਼ੈਰ ਨਵੇਂ ਨੇਮ ਦੀ ਕਲੀਸੀਆ ਦੇ ਸੁਭਾਅ ਨੂੰ ਸਮਝਣਾ ਅਸੰਭਵ ਹੈ।

ਆਓ ਕਲੀਸੀਆ ਲਈ ਨਵੇਂ ਨੇਮ ਦੇ ਇਸ ਨਾਂਅ ਤੇ ਖ਼ਾਸ ਧਿਆਨ ਦਈਏ। ਇਸ ਪ੍ਰਗਟਾਵੇ ਤੋਂ ਕੀ ਸੰਕੇਤ ਮਿਲਦਾ ਹੈ?

## ਮਸੀਹ ਨਾਲ ਇਕ ਹੋਣਾ

ਪਹਿਲੀ ਗੱਲ, ਇਹ ਵਾਕ ਅੰਸ਼ ਮਸੀਹ ਨਾਲ ਮੇਲ ਦਾ ਸੰਕੇਤ ਦਿੰਦਾ ਹੈ। ਤੌਬਾ ਤੋਂ ਭਾਵ ''ਮਸੀਹ ਨਾਲ ਆਪਣੀ ਵਫ਼ਾਦਾਰੀ ਗਹਿਣੇ ਪਾਉਣ'' ਤੋਂ ਕਿਤੇ ਵਧਕੇ ਹੈ। ਇਹਦਾ ਮਤਲਬ ਮਸੀਹ ਦੀ ਰੂਹਾਨੀ ਦੇਹ ਵਿਚ ਸ਼ਾਮਿਲ ਹੋਣ ਵਾਲੇ ਵਾਂਗ ਮਸੀਹ ਦੇ ਨਾਲ ਵਿਲੱਖਣ ਢੰਗ ਨਾਲ ਇਕ ਹੋਣਾ ਹੈ।

ਮਸੀਹ ਵਿਚ ਮਨਬਦਲੀ ਦੀ ਪ੍ਰਕਿਰਿਆ ਦੇ ਭਾਗ ਦੇ ਰੂਪ ਵਿਚ ਸਾਨੂੰ ਮਸੀਹ ਵਿਚ ਬਪਤਿਸਮਾ ਦਿੱਤਾ ਜਾਂਦਾ ਹੈ। ਪੌਲੁਸ ਨੇ ਲਿਖਿਆ ਹੈ, ''ਅਥਵਾ ਤੁਸੀਂ ਇਸ ਗੱਲ ਤੋਂ ਅਣਜਾਣ ਹੋ ਭਈ ਸਾਡੇ ਵਿੱਚੋਂ ਜਿੰਨਿਆਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ ਉਨ੍ਹਾਂ ਨੇ ਉਹਦੀ ਮੌਤ ਦਾ ਬਪਤਿਸਮਾ ਲਿਆ?'' (ਰੋਮੀਆਂ 6:3)। ਮਸੀਹ ਨਾਲ ਇਕ ਹੋਣ ਦਾ ਵਿਚਾਰ ਖ਼ਾਸ ਤੌਰ ਤੇ ਰੋਮੀਆਂ 6:4 ਵਿਚ ਵੇਖਿਆ ਜਾਂਦਾ ਹੈ: ''ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹਦੇ ਨਾਲ ਦੱਬੇ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ

ਨਵੇਂ ਜੀਵਨ ਦੇ ਰਾਹ ਚੱਲੀਏ।'' ਪੌਲੁਸ ਨੇ ਇਹ ਵੀ ਕਿਹਾ, ''ਅਸਾਂ ਸਭਨਾਂ ਨੂੰ ... ਇਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਅਤੇ ਅਸਾਂ ਸਭਨਾਂ ਨੂੰ ਇੱਕੋ ਆਤਮਾ ਪਿਆਇਆ ਗਿਆ'' (1 ਕੁਰਿੰਥੀਆਂ 12:13)। ਫਿਰ ਬਪਤਿਸਮੇ ਦੇ ਵਕਤ ਸਾਨੂੰ ਮਸੀਹ ਦੀ ਰੂਹਾਨੀ ਦੇਹ ਵਿਚ ਸ਼ਾਮਿਲ ਕਰਵਾ ਕੇ ਉਹਦੇ ਨਾਲ ਮੇਲ ਕਰਵਾਇਆ ਜਾਂਦਾ ਹੈ।

ਮਸੀਹ ਦੇ ਨਾਲ ਇਸ ਅਨੋਖੇ ਰੂਹਾਨੀ ਮੇਲ ਦੀ ਤੁਲਨਾ ਵਿਆਹ ਨਾਲ ਕੀਤੀ ਜਾ ਸਕਦੀ ਹੈ। ਵਿਆਹ ਵਿਚ ''ਮਰਦ ਅਤੇ ਔਰਤ ਵੱਲੋਂ'' ਜ਼ਿੰਦਗੀ ਭਰ ਲਈ ਇਕ ਦੂਜੇ ਦੇ ਪ੍ਰਤੀ ਦੋ ਸ਼ਖਸੀਅਤਾਂ ਦੀ ਵਚਨਬੱਧਤਾ ਤੋਂ ਵੱਧ ਕੇ ਹੁੰਦਾ ਹੈ। ਵਿਆਹ ਇਕ ਮੇਲ ਹੈ, ਜੋ ਐਨਾ ਡੂੰਘਾ ਹੈ ਕਿ ਪਤੀ ਤੇ ਪਤਨੀ ਨੂੰ ਜ਼ਿੰਦਗੀ ਭਰ ਲਈ ''ਇਕ ਬਦਨ'' ਆਖਿਆ ਜਾਂਦਾ ਹੈ (ਅਫ਼ਸੀਆਂ 5:31)। ਕਿਸੇ ਵਿਆਹੁਤਾ ਜੋੜੇ ਬਾਰੇ ਅਸੀਂ ਅਕਸਰ ਆਖਦੇ ਹਾਂ, ''ਉਨ੍ਹਾਂ ਨੇ ਇਕ ਦੂਜੇ ਦਾ ਇਕਰਾਰ ਕਰ ਲਿਆ ਹੈ।'' ਵਿਆਹ ਦੇ ਸੰਦਰਭ ਵਿਚ ਸ਼ਾਇਦ ਇਹ ਕਹਿਣਾ ਬਹੁਤਾ ਸਹੀ ਹੋਵੇਗਾ ਕਿ ''ਉਹ ਵਿਆਹ ਦੇ ਮੇਲ ਵਿਚ ਸ਼ਾਮਿਲ ਹੋ ਗਏ ਹਨ।'' ''ਮੇਲ'' ਸ਼ਬਦ ਬਣੀ ਰਹਿਣ ਵਾਲੀ ਏਕਤਾ ਦਾ ਸੰਕੇਤ ਹੈ। ਵਿਆਹ ਦੋ ਜਣਿਆਂ ਦੇ ਰਲ ਕੇ ਚੱਲਣ ਜਾਂ ਇਕ ਛੱਤ ਹੇਠ ਰਹਿਣ ਦੀ ਸਹਿਮਤੀ ਹੀ ਨਹੀਂ ਬਲਕਿ ਦੋ ਜਣਿਆਂ ਦੇ ਵਿਆਹ ਦੇ ਬੰਧਨ ਵਿਚ ਇਕੱਠੇ ਰਹਿਣ, ਜ਼ਿੰਦਗੀ ਭਰ ਇਕ ਸਮਝੌਤਾ ਭਾਵ ਇਕਰਾਰਨਾਮਾ ਹੈ। ਜੋ ਸਿਰਫ਼ ਵਿਭਚਾਰ ਜਾਂ ਮੌਤ ਨਾਲ ਹੀ ਟੁੱਟ ਸਕਦਾ ਹੈ। ਇਹ ਗੱਲ ਇੱਥੋਂ ਤਕ ਸੱਚ ਹੈ ਕਿ ਇਸ ਵਿਚ ਸ਼ਾਮਿਲ ਹੋਣ ਵੇਲੇ ਦੋਹਾਂ ਜਣਿਆਂ ਨੇ ਆਪਣੀਆਂ ਦੇਹਾਂ ਵੀ ਇਕ ਦੂਜੇ ਸਪੁਰਦ ਕਰ ਦਿੱਤੀਆਂ ਹਨ। ਪੌਲੁਸ ਨੇ ਲਿਖਿਆ ਹੈ, ''ਪਤਨੀ ਨੂੰ ਆਪਣੀ ਦੇਹੀ ਉੱਤੇ ਅਧਕਾਰ ਨਹੀਂ ਸਗੋਂ ਪਤੀ ਨੂੰ ਹੈ, ਅਤੇ ਇਸੇ ਤਰਾਂ ਪਤੀ ਨੂੰ ਭੀ ਆਪਣੀ ਦੇਹੀ ਉੱਤੇ ਅਧਕਾਰ ਨਹੀਂ ਸਗੋਂ ਪਤਨੀ ਨੂੰ ਹੈ'' (1 ਕੁਰਿੰਥੀਆਂ 7:4)।

ਇਸੇ ਤਰ੍ਹਾਂ, ਮਨਬਦਲੀ ਵੇਲੇ ਮਸੀਹ ਦੀ ਰੂਹਾਨੀ ਦੇਹ ਭਾਵ ਕਲੀਸੀਆ ਵਿਚ ਮਿਲਾਏ ਜਾਣ ਤੇ ਸਾਡਾ ਮੇਲ ਉਹਦੇ ਨਾਲ ਹੁੰਦਾ ਹੈ। ਅਸੀਂ ਮਸੀਹ ਦੇ ਨਾਲ ਇਕ ਹੋ ਜਾਂਦੇ ਹਾਂ ਭਾਵ ਮਸੀਹ ਸਾਡਾ ਹੈ ਅਤੇ ਅਸੀਂ ਮਸੀਹ ਦੇ ਹਾਂ। ਹੁਣ ਆਪਣੀ ਜ਼ਿੰਦਗੀ ਤੇ ਸਾਡਾ ਕੋਈ ਹੱਕ ਨਹੀਂ ਹੈ, ਕਿਉਂਕ ਅਸੀਂ ਮਸੀਹ ਦੇ ਹੋ ਗਏ ਹਾਂ ਭਾਵ ਅਸੀਂ ਉਹਦੇ ਨਾਲ ਇਕ ਬਦਨ ਹੋ ਕੇ ਜ਼ਿੰਦਗੀ ਕੱਟਦੇ ਹਾਂ (1 ਕੁਰਿੰਥੀਆਂ 6:16)।

## ਮਸੀਹ ਦੇ ਰਾਹੀਂ ਮੇਲ

ਦੂਜਾ ''ਮਸੀਹ ਦੀ ਦੇਹ'' ਦੇ ਰੂਪ ਵਿਚ ਕਲੀਸੀਆ ਦੇ ਚਿੱਤਰਣ ਵਿਚ ਮਸੀਹ ਦੇ ਰਾਹੀਂ ਮੇਲ ਦਾ ਪਤਾ ਲੱਗਦਾ ਹੈ। ਇਸ ਚਿਤਰਨ ਨਾਲ ਕਲੀਸੀਆ ਨੂੰ ਇਕ ਜੀਵ ਦੇ ਰੂਪ ਵਿਚ ਵਿਖਾਇਆ ਜਾਂਦਾ ਹੈ, ਜਿਸਦੇ ਬਹੁਤ ਸਾਰੇ ਅੰਗ ਇਕ ਦੂਜੇ ਦੇ ਰੂਪ ਵਿਚ ਮਿਲਕੇ ਕੰਮ ਕਰਦੇ ਹਨ।

ਪੌਲੁਸ ਨੇ ਲਿਖਿਆ ਹੈ, ''ਜਿਸ ਤਰ੍ਹਾਂ ਸਰੀਰ ਇਕ ਹੈ ਅਤੇ ਉਹ ਦੇ ਅੰਗ ਬਹੁਤੇ ਹਨ ਅਤੇ ਸਰੀਰ ਦੇ ਸਾਰੇ ਅੰਗ ਭਾਵੇਂ ਬਹੁਤ ਹਨ ਪਰ ਤਾਂ ਵੀ ਰਲ ਕੇ ਇੱਕੋ ਸਰੀਰ ਹੋਇਆ ਸੋ ਇਸੇ ਤਰਾਂ ਮਸੀਹ ਵੀ ਹੈ'' (1 ਕੁਰਿੰਥੀਆਂ 12:12)। ਬਹੁਤ ਸਾਰੇ ਵੱਖਰੇ-ਵੱਖਰੇ ਅੰਗਾਂ ਨੂੰ ਮਿਲਾ ਕੇ ਮਸੀਹ ਦੀ ਇਕ ਦੇਹ ਬਣਦੀ ਹੈ। ਜੋ ਗੱਲਾਂ ਪੌਲੁਸ ਨੇ ਸਰੀਰਕ ਦੇਹ ਲਈ ਦੱਸੀਆਂ ਉਹੀ ਕਲੀਸੀਆ ਲਈ ਵੀ ਆਖੀਆਂ ਜਾ ਸਕਦੀਆਂ ਹਨ। ''ਸਰੀਰ ਤਾਂ ਇਕ ਅੰਗ ਨਹੀਂ ਸਗੋਂ ਬਹੁਅੰਗਾ ਹੈ''; ''ਪਰ ਜੇ ਓਹ ਸਭ ਇੱਕੋ ਹੀ ਅੰਗ ਹੁੰਦੇ ਤਾਂ ਸਰੀਰ ਕਿੱਥੇ ਹੁੰਦਾ?'' (1 ਕੁਰਿੰਥੀਆਂ 12:14, 19)। ਇਸ ਲਈ ਨਿਚੋੜ ਇਹ ਹੋਣਾ ਚਾਹੀਦਾ ਹੈ ਕਿ ਮਸੀਹੀ ਲੋਕੋ ''ਹੁਣ ਤੁਸੀਂ ਰਲ ਕੇ ਮਸੀਹ ਦੇ ਸਰੀਰ ਹੋ ਅਤੇ ਇਕ ਇਕ ਕਰਕੇ ਉਹ ਦੇ ਅੰਗ ਹੋ'' (1 ਕੁਰਿੰਥੀਆਂ 12:27)।

''ਮਸੀਹ ਦੇ ਸਰੀਰ'' ਦਾ ਇਜ਼ਹਾਰ ਨਾ ਸਿਰਫ਼ ਇਹ ਸੰਕੇਤ ਹੈ ਕਿ ਸਾਡਾ ਸਬੰਧ ਮਸੀਹ ਨਾਲ ਹੈ ਸਗੋਂ ਇਹ ਵੀ ਹੈ ਕਿ ਜਿਵੇਂ ਸਰੀਰਕ ਦੇਹ ਦੇ ਅੰਗ ਦੂਜੇ ਅੰਗਾਂ ਨਾਲ ਜੁੜੇ ਹੁੰਦੇ ਹਨ ਉਵੇਂ ਹੀ

ਸਾਡਾ ਸਬੰਧ ਵੀ ਇਕ ਦੂਜੇ ਨਾਲ ਹੈ। ਜਦ ਸਰੀਰ ਦੇ ਇਕ ਅੰਗ ਨੂੰ ਸੱਟ ਲੱਗਦੀ ਹੈ ਤਾਂ ਪੀੜ ਸਾਰੇ ਅੰਗ ਮਹਿਸੂਸ ਕਰਦੇ ਹਨ। ''ਦੇਹ'' ਦੀ ਧਾਰਣਾ ਨਾਲ ਇਕ ਸਪੱਸ਼ਟ ਅਨੁਮਾਨ ਇਹ ਹੋਵੇਗਾ: ''ਭਈ ਸਰੀਰ ਵਿਚ ਫੋਟਕ ਨਾ ਪਵੇ ਸਗੋਂ ਅੰਗ ਇਕ ਦੂਜੇ ਲਈ ਇਕ ਸਮਾਨ ਚਿੰਤਾ ਕਰਨ ਅਤੇ ਜੇ ਇਕ ਅੰਗ ਨੂੰ ਦੁੱਖ ਲੱਗੇ ਤਾਂ ਸਾਰੇ ਅੰਗ ਉਸ ਦੇ ਨਾਲ ਦੁੱਖੀ ਹੁੰਦੇ ਹਨ ਅਤੇ ਜੋ ਇਕ ਅੰਗ ਦਾ ਆਦਰ ਹੋਵੇ ਤਾਂ ਸਾਰੇ ਅੰਗ ਉਹ ਦੇ ਨਾਲ ਅਨੰਦ ਹੁੰਦੇ ਹਨ'' (1 ਕੁਰਿੰਥੀਆਂ 12:25, 26)।

''ਮਸੀਹ ਦੇ ਸਰੀਰ'' ਦੇ ਇਜ਼ਹਾਰ ਦੀ ਸਮਝ ਆਉਣ ਤੇ, ਡਿਨੋਮੀਨੇਸ਼ਨਲ ਕਲੀਸੀਆਵਾਂ ਦੇ ਤਰਕ ਦਾ ਅਧਾਰ ਖ਼ਤਮ ਹੋ ਜਾਂਦਾ ਹੈ। ਡਿਨੋਮੀਨੇਸ਼ਨਲ ਕਲੀਸੀਆਵਾਂ ਦਾ ਵਿਚਾਰ ਕਈ ਵੱਖਰੀਆਂ-ਵੱਖਰੀਆਂ ਦੇਹਾਂ ਦੀ ਵਕਾਲਤ ਕਰਦਾ ਹੈ ਜਿਸ ਵਿਚ ਹਰ ਕਲੀਸੀਆ ਦੀ ਆਪਣੀ ਪਛਾਣ ਅਤੇ ਆਪਣਾ ਵਿਸ਼ਵਾਸ ਹੈ। ਨਵੇਂ ਨੇਮ ਵਿਚ ''ਮਸੀਹ ਦੀ ਦੇਹ'' ਦੀ ਵਿਚਾਰਧਾਰਾ ਇੱਕੋ ਦੇਹ ਭਾਵ ਮਸੀਹ ਦੀ ਦੇਹ ਨੂੰ ਹਰ ਮਸੀਹੀ ਦੇ ਇਸ ਦੇ ਮੈਂਬਰ ਦੇ ਰੂਪ ਵਿਚ ਸਾਡੇ ਦੂਸਰੇ ਮੈਂਬਰਾਂ ਨਾਲ ਪਿਆਰ ਕਰਕੇ ਅਤੇ ਉਸ ਸਰੀਰ ਨੂੰ ਦੂਜੇ ਸਾਰੇ ਮੈਂਬਰਾਂ ਦੀ ਖੋਜ ਕਰਨ ਦੇ ਰੂਪ ਵਿਚ ਵਿਖਾਈ ਜਾਂਦੀ ਹੈ। ਜੇ ਨਵੇਂ ਨੇਮ ਦੀ ਕਲੀਸੀਆ ਮਸੀਹ ਦਾ ਸਰੀਰ ਹੈ, ਤਾਂ ਡਿਨੋਮੀਨੇਸ਼ਨ ਵਾਲੀ ਕਲੀਸੀਆ ਦਾ ਵਿਚਾਰ ''ਕਲੀਸੀਆ'' ਲਈ ਖ਼ੁਦਾ ਦਾ ਨਮੂਨਾ ਨਹੀਂ ਹੋ ਸਕਦਾ, ਅਤੇ ਜੇ ਡਿਨੋਮੀਨੇਸ਼ਨ ਵਾਲੀ ਕਲੀਸੀਆ ਦਾ ਵਿਚਾਰ ਸਹੀ ਹੈ ਤਾਂ ਨਵੇਂ ਨੇਮ ਵਾਲੀ ਕਲੀਸੀਆ ਮਸੀਹ ਦੀ ਉਹ ਦੇਹ ਨਹੀਂ ਹੋ ਸਕਦੀ ।

ਆਪਣੇ ਫੜਵਾਏ ਜਾਣ ਦੀ ਰਾਤ ਯਿਸੂ ਨੇ ਉਨ੍ਹਾਂ ਲੋਕਾਂ ਦੀ ਏਕਤਾ ਲਈ ਦੁਆ ਕੀਤੀ ਸੀ ਜਿਨ੍ਹਾਂ ਨੇ ਬਾਅਦ ਵਿਚ ਉਸ ਤੇ ਵਿਸ਼ਵਾਸ ਕਰਨਾ ਸੀ (ਯੂਹੰਨਾ 17:21-24)। ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਵਾਲੇ ਪੈਂਟੀਕਾਸਟ ਦੇ ਦਿਨ ਮਸੀਹ ਨੇ ਧਰਤੀ ਤੇ ਆਪਣੀ ਦੇਹ ਦੇ ਰੂਪ ਵਿਚ ਕਲੀਸੀਆ ਬਣਾਈ, ਜਿਸਨੇ ਉਸ ਏਕਤਾ ਨੂੰ ਬਣਾਈ ਰੱਖਣਾ ਸੀ ਜਿਸ ਲਈ ਉਹਨੇ ਦੁਆ ਕੀਤੀ ਸੀ। ਮਸੀਹ ਦੀ ਦੇਹ ਵਿਚ ਆ ਕੇ ਅਸੀਂ ਉਹਦੀ ਦੇਹ ਦੇ ਸਾਰੇ ਮੈਂਬਰਾਂ ਭਾਵ ਅੰਗਾਂ ਨਾਲ ਮਿਲ ਜਾਂਦੇ ਹਾਂ। ਫੁੱਟ ਦੀਆਂ ਸਭ ਕੰਧਾਂ ਢਹਿ ਜਾਂਦੀਆਂ ਹਨ। ''ਨਾ ਯਹੂਦੀ ਨਾ ਯੂਨਾਨੀ, ਨਾ ਗੁਲਾਮ ਨਾ ਅਜ਼ਾਦ, ਨਾ ਨਰ ਨਾ ਨਾਰੀ ਹੋ ਸਕਦਾ ਹੈ ਕਿਉਂ ਜੋ ਤੁਸੀਂ ਸੱਭੇ ਮਸੀਹ ਯਿਸੂ ਵਿਚ ਇੱਕੋ ਹੀ ਹੋ'' (ਗਲਾਤੀਆਂ 3:28)।

ਮਸੀਹ ਦੀ ਦੇਹ ਦੇ ਅੰਗਾਂ ਦੀ ਏਕਤਾ ਸਰੀਰਕ ਦੇਹ ਦੇ ਅੰਗਾਂ ਦੀ ਏਕਤਾ, ਭਾਵ ਮਿਲ ਕੇ ਕੰਮ ਕਰਨ, ਇਕ ਦੂਜੇ ਨਾਲ ਪਿਆਰ ਕਰਨ ਅਤੇ ਇਕ ਦੂਜੇ ਨਾਲ ਹਮਦਰਦੀ ਰੱਖਣ ਦੀ ਏਕਤਾ ਵਾਂਗ ਹੀ ਹੋਣੀ ਚਾਹੀਦੀ ਹੈ। ਸਰੀਰਕ ਦੇਹ ਦਾ ਇਕ ਅੰਗ ਕਿਸੇ ਦੂਸਰੇ ਅੰਗ ਨਾਲ ਝਗੜਾ ਨਹੀਂ ਕਰਦਾ। ਹਰ ਅੰਗ ਦੂਸਰੇ ਅੰਗਾਂ ਨਾਲ ਮਿਲ ਕੇ ਕੰਮ ਕਰਦਾ ਹੈ ਅਤੇ ਸਭ ਅੰਗਾਂ ਦੇ ਮਿਲ ਕੇ ਰਹਿਣ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ ਅਤੇ ਇਕ ਹੋ ਕੇ ਕੰਮ ਕਰਦਾ ਹੈ।

ਆਪਣੇ ਲੋਕਾਂ ਅੱਗੇ ਯਿਸੂ ਦੀ ਇੱਕੋ ਹੀ ਬੇਨਤੀ ਹੈ ਕਿ ਉਹ ਧਰਤੀ ਤੇ ਉਹਦੀ ਰੂਹਾਨੀ ਦੇਹ ਬਣਕੇ ਰਹਿਣ। ਉਸਨੇ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਦੂਸਰੇ ਨਾਂਵਾਂ ਵਾਲੀਆਂ ਡਿਨੋਮੀਨੇਸ਼ਨਲ ਕਲੀਸੀਆਵਾਂ ਬਣਾਉਣ ਲਈ ਨਹੀਂ ਆਖਿਆ ਸੀ। ਉਸ ਪ੍ਰਤੀ ਵਫ਼ਾਦਾਰੀ ਦੀ ਮੰਗ ਹੈ ਕਿ ਅਸੀਂ ਉਸਦਾ ਰੂਹਾਨੀ ਸਰੀਰ ਬਣਕੇ ਉਹਦੀ ਮਰਜ਼ੀ ਪੂਰੀ ਕਰਕੇ ਉਸਦੀ ਵਡਿਆਈ ਕਰੀਏ।

## ਮਸੀਹ ਲਈ ਉਪਯੋਗਤਾ

ਤੀਜਾ, ''ਦੇਹ'' ਦੇ ਰੂਪ ਵਿਚ ਕਲੀਸੀਆ ਦਾ ਚਿੱਤਰਣ ਮਸੀਹ ਲਈ ਉਪਯੋਗੀ ਜਾਂ ਲਾਹੇਵੰਦ ਸੰਕੇਤ ਹੈ। ਇਹ ਦੱਸਦਾ ਹੈ ਕਿ ਸੰਸਾਰ ਵਿਚ ਮਸੀਹ ਦਾ ਕੰਮ ਕਿਵੇਂ ਹੋਣਾ ਚਾਹੀਦਾ ਹੈ।

ਆਪਣੇ ਜੀਵਨ ਅਤੇ ਸੇਵਾ ਲਈ, ਪੌਲੁਸ ਆਖ ਸਕਦਾ ਸੀ, ''ਕਿਉਂਕਿ ਜਿਉਣਾ ਮੇਰੇ ਲਈ ਮਸੀਹ ਹੈ ...'' (ਫ਼ਿਲਿੱਪੀਆਂ 1:21)। ਉਸਨੇ ਕਿਸੇ ਡਿਨੋਮੀਨੇਸ਼ਨਲ ਕਲੀਸੀਆ ਜਾਂ ਕਿਸੇ ਹੋਰ

ਤਰ੍ਹਾਂ ਦੇ ਮਨੁੱਖੀ ਸਮੂਹ ਜਾਂ ਸੰਗਠਨ ਦੀ ਨੁਮਾਇੰਦਗੀ ਨਹੀਂ ਕੀਤੀ ਸੀ, ਭਾਵ ਉਹ ਲੋਕਾਂ ਕੋਲ ਮਸੀਹ ਦੀ ਰੂਹਾਨੀ ਦੇਹ ਦੇ ਇਕ ਅੰਗ ਦੇ ਰੂਪ ਵਿਚ ਜਾਂਦਾ ਸੀ। ਉਹ ਆਪਣੇ ਆਪ ਨੂੰ ਲੋਕਾਂ ਵਿਚ ਮੇਲ ਕਰਾਉਣ ਲਈ ਖ਼ੁਦਾ ਦੇ ਇਕ ਹਥਿਆਰ ਦੇ ਤੌਰ ਤੇ ਵੇਖਦਾ ਸੀ: ''ਅਸੀਂ ਮਸੀਹ ਦੇ ਏਲਚੀ ਹਾਂ ਭਈ ਜਾਣੋ ਪਰਮੇਸ਼ੁਰ ਸਾਡੇ ਰਾਹੀਂ ਮਿੰਨਤ ਕਰਦਾ ਹੈ, ਸੋ ਅਸੀਂ ਮਸੀਹ ਵੱਲੋਂ ਬੇਨਤੀ ਕਰਦੇ ਹਾਂ ਜੋ ਤੁਸੀਂ ਪਰਮੇਸ਼ੁਰ ਨਾਲ ਮੇਲ ਮਿਲਾਪ ਕਰ ਲਓ'' (2 ਕੁਰਿੰਥੀਆਂ 5:20)। ਪੌਲੁਸ ਨੇ ਆਪਣੇ ਦੁੱਖ ਝੱਲਣ ਨੂੰ ਮਸੀਹ ਦੀ ਦੇਹ ਲਈ ਦੁੱਖ ਦੇ ਰੂਪ ਵਿਚ ਵੇਖਿਆ: ''ਹੁਣ ਮੈਂ ਆਪਣਿਆਂ ਉਨ੍ਹਾਂ ਦੁੱਖਾਂ ਵਿਚ ਜੋ ਤੁਹਾਡੇ ਲਈ ਝੱਲਦਾ ਹਾਂ ਅਨੰਦ ਹਾਂ ਅਤੇ ਮਸੀਹ ਦੀਆਂ ਬਿਪਤਾਵਾਂ ਦਾ ਘਾਟਾ ਮੈਂ ਉਸ ਦੀ ਦੇਹੀ ਅਰਥਾਤ ਕਲੀਸੀਆ ਲਈ ਆਪਣੇ ਸਰੀਰ ਵਿਚ ਪੂਰਾ ਕਰਦਾ ਹਾਂ'' ( ਕੁਲੁੱਸੀਆਂ 1:24)।

ਧਰਤੀ ਤੇ ਮਸੀਹ ਦੇ ਕੰਮ ਨੂੰ ਅੱਗੇ ਕਿਵੇਂ ਵਧਾਇਆ ਜਾ ਸਕਦਾ ਹੈ? ਹੁਣ ਜਦ ਕਿ ਮਸੀਹ ਸੁਰਗ ਵਿਚ ਪਿਤਾ ਦੇ ਸੱਜੇ ਹੱਥ ਹੈ ਤਾਂ ਧਰਤੀ ਤੇ ਸੇਵਕਾਈ ਕਿਵੇਂ ਜਾਰੀ ਰੱਖੀ ਜਾ ਸਕਦੀ ਹੈ? ਇਨ੍ਹਾਂ ਸਵਾਲਾਂ ਦਾ ਸਿੱਧਾ ਜਵਾਬ ਹੈ ਕਿ ''ਮਸੀਹ ਦੀ ਦੇਹ ਦੇ ਰਾਹੀਂ।'' ਕਲੀਸੀਆ ਕਾਇਮ ਕਰਕੇ, ਯਿਸੂ ਨੇ ਸੰਸਾਰ ਦੀ ਸੇਵਾ ਅਤੇ ਇਸ ਨਾਲ ਪਿਆਰ ਕਰਨ ਦੇ ਆਪਣੇ ਸਾਧਨ ਦੇ ਰੂਪ ਵਿਚ ਸੰਸਾਰ ਵਿਚ ਆਪਣੀ ਰੂਹਾਨੀ ਦੇਹ ਨੂੰ ਭੇਜ ਦਿੱਤਾ।

ਨਵੇਂ ਨੇਮ ਵਿਚ ਬਗ਼ੈਰ ਦੇਹ ਦੇ ਸਿਰ ਅਤੇ ਬਗ਼ੈਰ ਸਿਰ ਦੇ ਸਰੀਰ ਹੋਣ ਦੀ ਗੱਲ ਨਹੀਂ ਮਿਲਦੀ। ਜੇ ਧਰਤੀ ਤੇ ਕੋਈ ਮਸੀਹੀ ਨਾ ਹੁੰਦਾ, ਤਾਂ ਰਹਿਨੁਮਾਈ ਦੇਣ, ਹਦਾਇਤ ਦੇਣ ਜਾਂ ਉਸਦਾ ਕੰਮ ਕਰਨ ਲਈ ਮਸੀਹ ਦੀ ਦੇਹ ਵੀ ਨਹੀਂ ਹੋਣੀ ਸੀ। ਜੇ ਮਸੀਹੀ ਆਪਣੇ ਇੱਕੋ-ਇਕ ਅਖ਼ਤਿਆਰ ਅਤੇ ਅਗਵਾਈ ਲਈ ਮਸੀਹ ਵੱਲ ਨਾ ਵੇਖਦੇ, ਤਾਂ ਕਲੀਸੀਆ ਸਿਰ ਦੇ ਬਗੈਰ ਹੋਣੀ ਸੀ। ਯਿਸੂ ਆਪਣੀ ਕਲੀਸੀਆ ਦਾ ਸਿਰ ਹੈ, ਅਤੇ ਉਹਦੀ ਕਲੀਸੀਆ ਧਰਤੀ ਤੇ ਉਨ੍ਹਾਂ ਲੋਕਾਂ ਨਾਲ ਬਣਦੀ ਹੈ ਜਿਨ੍ਹਾਂ ਨੇ ਉਹਦੀ ਮਰਜ਼ੀ ਨੂੰ ਮੰਨ ਲਿਆ ਹੈ ਅਤੇ ਉਹਦੀ ਸਮਰੱਥਾ ਦੇ ਰੂਪ ਵਿਚ ਕੰਮ ਕਰਦੇ ਹਨ।

ਮਸੀਹੀ ਲੋਕ ਮਸੀਹ ਦਾ ਕੰਮ ਕਰਨ ਲਈ ਉਹਦੀ ਰੂਹਾਨੀ ਦੇਹ ਹਨ। ਅਸੀਂ ਸੰਸਾਰ ਦੀਆਂ ਲੋੜਾਂ ਜਾਣਨ ਲਈ ਉਹਦੀਆਂ ਅੱਖਾਂ ਹਾਂ। ਜੇ ਅਸੀਂ ਲੋਕਾਂ ਦੀਆਂ ਲੋੜਾਂ ਨੂੰ ਨਹੀਂ ਸਮਝਦੇ ਅਤੇ ਉਨ੍ਹਾਂ ਦੀ ਸੇਵਾ ਨਹੀਂ ਕਰਦੇ, ਤਾਂ ਇਸ ਦਾ ਮਤਲਬ ਹੈ ਕਿ ਉਸਦੇ ਰੂਹਾਨੀ ਸਰੀਰ ਦੀਆਂ ਅੱਖਾਂ ਨੂੰ ਨਜ਼ਰ ਨਹੀਂ ਆਉਂਦਾ ਹੈ। ਅਸੀਂ ਉਸਦੇ ਵਚਨ ਨੂੰ ਸੁਣਨ ਅਤੇ ਹਦਾਇਤਾਂ ਤੇ ਧਿਆਨ ਦੇਣ ਲਈ ਉਸ ਦੇ ਕੰਨ ਹਾਂ। ਮਸੀਹ ਦੇ ਰੂਹਾਨੀ ਸਰੀਰ ਨੂੰ ਉਹਦੀ ਮਰਜ਼ੀ ਦਾ ਗਿਆਨ ਨਾ ਦੇਣਾ ਕਿੰਨਾ ਦੁੱਖਦਾਈ ਹੋਵੇਗਾ! ਅਸੀਂ ਸੰਸਾਰ ਵਿਚ ਉਹਦੇ ਵਚਨ ਨੂੰ ਦੱਸਣ ਅਤੇ ਵਡਿਆਈ ਕਰਨ ਲਈ ਉਹਦੀਆਂ ਜੀਭਾਂ ਹਾਂ। ਅੱਜ ਦੇ ਵਕਤ ਜੇ ਉਹਦਾ ਸਰੀਰ ਬੋਲ ਨਾ ਸਕੇ ਤਾਂ ਮਸੀਹ ਨੂੰ ਕਿੰਨਾ ਦੁੱਖ ਹੋਵੇਗਾ। ਭਾਰ ਅਤੇ ਜ਼ਿੰਮੇਵਾਰੀਆਂ ਚੁੱਕਣ ਲਈ ਅਸੀਂ ਉਹਦੇ ਮੋਢੇ ਹਾਂ। ਮਸੀਹ ਚਾਹੁੰਦਾ ਹੈ ਕਿ ਉਸਦੀ ਕਲੀਸੀਆ ਤੰਦਰੁਸਤ ਅਤੇ ਹੱਟੀ-ਕੱਟੀ ਹੋਵੇ ਤਾਂ ਜੋ ਹਰ ਕੰਮ ਜੋ ਸਾਨੂੰ ਮਿਲੇ, ਅਸੀਂ ਉਸਨੂੰ ਪੂਰਾ ਕਰ ਸਕੀਏ। ਸੰਸਾਰ ਵਿਚ ਉਸਦਾ ਸੰਦੇਸ਼ ਲੈ ਜਾਣ ਲਈ ਅਸੀਂ ਉਸਦੇ ਪੈਰ ਹਾਂ। ਸਾਨੂੰ ਉਹਦੇ ਪੈਰਾਂ ਨੂੰ ਤੰਦਰੁਸਤ ਬਣਾ ਕੇ ਉਹ ਦੇ ਲਈ ਚੱਲਣ ਵਿਚ ਫ਼ੁਰਤੀ ਕਰਨੀ ਚਾਹੀਦੀ ਹੈ। ਸਾਨੂੰ ਸੇਵਾ ਲਈ ਉਹਦੇ ਨਾਜ਼ੁਕ ਹੱਥ ਵੀ ਬਣਨਾ ਜ਼ਰੂਰੀ ਹੈ। ਆਓ ਇਹ ਫ਼ੈਸਲਾ ਕਰੀਏ ਕਿ ਉਹਦੇ ਹੱਥ ਸੰਪੂਰਨ, ਸਮੱਰਥਾ ਵਾਲੇ ਅਤੇ ਸੇਵਾ ਲਈ ਸਮਰਪਿਤ ਹੋਣ।

ਮਸੀਹ ਦੀ ਰੂਹਾਨੀ ਦੇਹ ਦੀ ਉਪਯੋਗਤਾ, ਬੁੱਧ ਤੇ ਵਰਤਾਅ ਤੇ ਵਿਚਾਰ ਕਰੀਏ। ਜਦ ਵੀ ਕਿਤੇ ਕੋਈ ਮਸੀਹੀ ਬਣਦਾ ਹੈ, ਤਾਂ ਉਹਦੇ ਪਿਆਰ ਨੂੰ ਵਿਖਾਉਣ ਲਈ ਉਹਦੀ ਦੇਹ ਦਾ ਕਾਰਜਕਾਰੀ ਅੰਗ ਬਣ ਜਾਂਦਾ ਹੈ। ਇਸ ਤਰ੍ਹਾਂ ਉਹ ਮਸੀਹ ਦੀ ਸੇਵਕਾਈ ਨੂੰ ਅੱਗੇ ਵਧਾਉਂਦਾ ਹੈ। ਉਹ ਮਸੀਹ ਅਤੇ ਉਹਦੀ ਦੇਹ ਦੇ ਦੂਜੇ ਸਭ ਅੰਗਾਂ ਨਾਲ ਇਕ ਹੋ ਜਾਂਦਾ ਹੈ। ਇਸ ਤਰ੍ਹਾਂ ਸੰਸਾਰ ਵਿਚ ਮਸੀਹ ਦੀ

ਕਲੀਸੀਆ ਦੀ ਏਕਤਾ ਸਾਫ਼ ਨਜ਼ਰ ਆਉਂਦੀ ਹੈ। ਹਰ ਮਸੀਹੀ ਆਪਣੇ ਆਪ ਨੂੰ ਉਹੀ ਨਾਂਅ ਦਿੰਦਾ ਹੈ ਜੋ ਬਾਈਬਲ ਵਿਚ ਕਲੀਸੀਆ ਨੂੰ ਦਿੱਤਾ ਗਿਆ ਹੈ। ਉਹ ਆਪਣੀ ਅਗਵਾਈ ਲਈ ਕਿਸੇ ਸੰਸਾਰੀ ਮੁੱਖ ਦਫ਼ਤਰ ਵੱਲ ਨਹੀਂ ਸਗੋਂ ਮਸੀਹ ਵੱਲ ਵੇਖਦਾ ਹੈ ਜੋ ਆਪਣੇ ਸਰੀਰ ਭਾਵ ਕਲੀਸੀਆ ਦਾ ਸਿਰ ਹੈ। ਜਿਸਦੇ ਨਤੀਜੇ ਵਜੋਂ ਸਾਰਾ ਆਦਰ ਅਤੇ ਵਡਿਆਈ ਮਸੀਹ ਨੂੰ ਮਿਲਦੀ ਹੈ। ਤੁਸੀਂ ਵੇਖਿਆ ਹੈ ਕਿ ''ਮਸੀਹ ਦੀ ਦੇਹ'' ਆਮ ਹੋਣ ਦੇ ਬਾਵਜੂਦ ਕਿੰਨੀ ਸਮਝਦਾਰ ਅਤੇ ਪ੍ਰਭਾਵਸ਼ਾਲੀ ਹੈ।

ਆਪਣੀ ਸੀਮਿਤ ਮਨੁੱਖੀ ਬੁੱਧ ਵੀ ''ਮਸੀਹ ਦੀ ਦੇਹ'' ਦੀ ਵਿਚਾਰਧਾਰਾ ਨੂੰ ਸਮਝ ਸਕਦੀ ਹੈ। ਇਹ ਪ੍ਰਭਾਵਸ਼ਾਲੀ ਅਤੇ ਵਿਹਾਰਿਕ ਹੈ। ਇਸ ਨਾਲ ਖ਼ੁਦਾ ਦੀ ਬੁੱਧ ਅਤੇ ਵਡਿਆਈ ਪਰਗਟ ਹੁੰਦੀ ਹੈ।

ਆਓ ਅਸੀਂ ਮਸੀਹ ਦੀ ਵਡਿਆਈ ਲਈ ਮਸੀਹ ਦੀ ਦੇਹ ਦੇ ਰੂਪ ਵਿਚ ਮਸੀਹ ਲਈ ਕੰਮ ਕਰੀਏ।

## ਸਾਰ

ਕਲੀਸੀਆ ਧਰਤੀ ਤੇ ਮਸੀਹ ਦੀ ਦੇਹ ਹੈ। ਇਸੇ ਸਚਿਆਈ ਕਰਕੇ ਪੌਲੁਸ ਨੇ ਰੋਮ ਦੇ ਮਸੀਹੀ ਲੋਕਾਂ ਬਾਰੇ ਆਖਿਆ ਸੀ, ''ਜਿਵੇਂ ਇਕ ਸਰੀਰ ਵਿਚ ਢੇਰ ਸਾਰੇ ਅੰਗ ਹਨ ਪਰ ਸਾਰਿਆਂ ਅੰਗਾਂ ਦਾ ਇੱਕੋ ਹੀ ਕੰਮ ਨਹੀਂ। ਤਿਵੇਂ ਅਸੀਂ ਜੋ ਢੇਰ ਸਾਰੇ ਹਾਂ ਮਸੀਹ ਵਿਚ ਮਿਲ ਕੇ ਇਕ ਸਰੀਰ ਹਾਂ ਅਰ ਇਕ ਇਕ ਕਰਕੇ ਇਕ ਦੂਏ ਦੇ ਅੰਗ ਹਾਂ'' (ਰੋਮੀਆਂ 12:4, 5)। ਮਸੀਹੀ ਬਣਨ ਨਾਲ ਮਸੀਹ ਨਾਲ ਸਾਡਾ ਮੇਲ ਹੋ ਜਾਂਦਾ ਹੈ। ਜੋ ਮਸੀਹ ਦੇ ਰਾਹੀਂ ਇਕ ਦੂਜੇ ਨਾਲ ਏਕਤਾ, ਉਪਯੋਗਤਾ ਅਤੇ ਮਸੀਹ ਦੇ ਲਾਭ ਹਨ।

ਕਿਸੇ ਵੱਡੀ ਦੁਕਾਨ ਦੇ ਅੱਗੇ ਖੜੇ ਕੀਤੇ ਪੁਤਲੇ ਅਤੇ ਜ਼ਿੰਦਾ ਮਨੁੱਖ ਵਿਚ ਕੀ ਫ਼ਰਕ ਹੈ? ਪੁਤਲੇ ਦਾ ਸਾਈਜ਼ ਤਾਂ ਓਨਾ ਹੀ ਹੈ, ਪਰ ਉਸ ਵਿਚ ਜਾਨ ਨਹੀਂ ਹੈ। ਉਹਦੀ ਸ਼ਕਲ ਸੂਰਤ ਭਾਵ ਸਰੀਰ ਤਾਂ ਹੈ ਪਰ ਉਸਦੇ ਅੰਦਰ ਆਤਮਾ ਨਹੀਂ ਹੈ। ਉਹ ਸਿਰਫ਼ ਇਕ ਮੂਰਤ ਅਰਥਾਤ ਬਨਾਵਟੀ ਰੂਪ ਹੀ ਹੈ, ਹਕੀਕਤ ਨਹੀਂ। ਜਾਨਦਾਰ ਮਨੁੱਖ ਵਿਚ ਦੇਹ, ਆਤਮਾ ਅਤੇ ਪ੍ਰਾਣ ਸਭ ਹਨ ਭਾਵ ਉਸ ਵਿਚ ਰੂਹ ਅਤੇ ਜਿਸਮ ਦੋਵੇਂ ਹਨ। ਉਸ ਵਿਚ ਦੇਹ, ਆਤਮਾ ਅਤੇ ਪ੍ਰਾਣ ਹੈ ਜਿਸ ਕਰਕੇ ਉਹ ਸੋਚ ਸਕਦਾ ਹੈ, ਪਿਆਰ ਕਰ ਸਕਦਾ ਹੈ ਅਤੇ ਹੁਕਮ ਮੰਨ ਸਕਦਾ ਹੈ।

ਪੁਤਲੇ ਅਤੇ ਜਾਨਦਾਰ ਮਨੁੱਖ ਵਿਚ ਫ਼ਰਕ, ਮਨੁੱਖ ਦੇ ਬਣਾਏ ਗਏ ਸੰਗਠਨ ਅਤੇ ਮਸੀਹ ਦੀ ਦੇਹ ਵਿਚ ਫ਼ਰਕ ਨੂੰ ਸਪੱਸ਼ਟ ਕਰਦਾ ਹੈ। ਮਨੁੱਖ ਦੇ ਬਣਾਏ ਸੰਗਠਨ ਦਾ ਰੂਪ ਹੈ, ਪਰ ਉਸ ਵਿਚ ਖ਼ੁਦਾ ਨਹੀਂ ਰਹਿੰਦਾ, ਸਿਰਫ਼ ਮਨੁੱਖ ਹੀ ਰਹਿੰਦਾ ਹੈ। ਇਨਸਾਨੀ ਸੰਗਠਨ ਵਿਚ ਜੋ ਵੀ ਹਾਸਲ ਕੀਤਾ ਜਾ ਸਕਦਾ ਹੈ। ਮਸੀਹ ਦੀ ਦੇਹ ਵਿਚ ਆਤਮਾ ਦਾ ਵਾਸ ਹੈ, ਜੋ ਖ਼ੁਦਾ ਦੇ ਆਤਮਾ ਨਾਲ ਜ਼ਿੰਦਾ ਹੈ ਅਤੇ ਉਸਨੂੰ ਮਸੀਹ ਆਪ ਅਗਵਾਈ ਅਤੇ ਹਦਾਇਤ ਦਿੰਦਾ ਹੈ।

ਨਵੇਂ ਨੇਮ ਦੀ ਕਲੀਸੀਆ ਮਸੀਹ ਦੀ ਦੇਹ ਹੈ। ਹਰ ਸੱਚਾ ਮਸੀਹੀ ਇਸਦਾ ਅੰਗ ਹੈ। ਇਹ ਇਕ ਸੰਗਠਨ ਨਹੀਂ ਹੈ, ਸਗੋਂ ਇਕ ਜੀਵਨ ਹੈ ਜੋ ਮਸੀਹ ਦੇ ਆਤਮਾ ਦੇ ਰਾਹੀਂ ਜਿਊਂਦਾ ਹੈ। ਇਸਦੀ ਰਹਿਨੁਮਾਈ ਇਸ ਦਾ ਸਿਰ, ਜੋ ਮਸੀਹ ਕਰਦਾ ਹੈ। ਸੰਸਾਰ ਵਿਚ ਇਸਦਾ ਮਕਸਦ ਮਸੀਹ ਦੀ ਵਡਿਆਈ ਅਤੇ ਸੇਵਾ ਕਰਨਾ ਹੈ।

ਕੀ ਤੁਸੀਂ ਮਸੀਹ ਦੀ ਦੇਹ ਦੇ ਅੰਗ ਹੋ?

## ਅਧਿਐਨ ਅਤੇ ਚਰਚਾ ਲਈ ਸਵਾਲ

1. ਕਲੀਸੀਆ ਨਾਲ ਸਬੰਧ ਵਿਚ ''ਮਸੀਹ ਦੀ ਦੇਹ'' ਵਾਕ ਅੰਸ਼ ਨੂੰ ਦੋ ਤਰ੍ਹਾਂ ਨਾਲ ਵਰਤੋ।
2. ਸਾਡੇ ਬਪਤਿਸਮੇ ਦਾ ਮਸੀਹ ਨਾਲ ਇਕ ਹੋਣ ਦੇ ਰੂਪ ਵਿਚ ਬਿਆਨ ਕਰੋ।
3. ਮਸੀਹ ਵਿਚ ਆਉਣ ਬਾਰੇ ਰੋਮੀਆਂ 6:3 ਕੀ ਆਖਦਾ ਹੈ?
4. ਵਿਆਹ ਦੇ ਬੰਧਨ ਨਾਲ ਮਸੀਹ ਦੇ ਨਾਲ ਸਾਡੇ ਮੇਲ ਦੀ ਤੁਲਨਾ ਕਰੋ।
5. ਮਸੀਹ ਦੇ ਨਾਲ ਮੇਲ ਬਾਰੇ ਰੋਮੀਆਂ 6:4 ਕੀ ਆਖਦਾ ਹੈ?
6. 1 ਕੁਰਿੰਥੀਆਂ 12:13 ਦੇ ਅਨੁਸਾਰ ਅਸੀਂ ਮਸੀਹ ਵਿਚ ਕਿਵੇਂ ਸ਼ਾਮਿਲ ਹੋ ਸਕਦੇ ਹਾਂ?
7. ਮਸੀਹ ਦੀ ਦੇਹ ਦੇ ਅੰਗ ਅਰਥਾਤ ਕਲੀਸੀਆਵਾਂ ਜਾਂ ਮਸੀਹੀ ਲੋਕ ਕੌਣ ਹਨ?
8. ਇਕ ਦੂਜੇ ਨਾਲ ਸਾਡੇ ਸਬੰਧ ਵਿਚ ''ਮਸੀਹ ਦੀ ਦੇਹ'' ਵਾਕ ਅੰਸ਼ ਤੋਂ ਕੀ ਭਾਵ ਹੈ?
9. ਮਸੀਹ ਦੀ ਦੇਹ ਦੀ ਏਕਤਾ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਡਿਨੋਮੀਨੇਸ਼ਨਲ ਕਲੀਸੀਆਵਾਂ ਦੀ ਵਿਚਾਰਧਾਰਾ ਤੇ ਚਰਚਾ ਕਰੋ।
10. ਮਸੀਹ ਵਿਚ ਸਾਡੇ ਮੇਲ ਬਾਰੇ ਗਲਾਤੀਆਂ 3:28 ਕੀ ਕਹਿੰਦਾ ਹੈ?
11. ਸੰਸਾਰ ਵਿਚ ਮਸੀਹ ਦਾ ਕੰਮ ਕਿਵੇਂ ਕੀਤਾ ਜਾਣਾ ਚਾਹੀਦਾ ਹੈ?
12. ਭਲਾ ਕਲੀਸੀਆ ਸਿਰ ਦੇ ਬਗੈਰ ਦੇਹ ਜਾਂ ਦੇਹ ਦੇ ਬਗੈਰ ਸਿਰ ਹੈ?
13. ਸੰਸਾਰ ਵਿਚ ਅਸੀਂ ਮਸੀਹ ਦੀ ਦੇਹ ਦੇ ਰੂਪ ਵਿਚ ਕਿਵੇਂ ਕੰਮ ਕਰਦੇ ਹਾਂ?
14. ਭਲਾ ਕਲੀਸੀਆ ਅਤੇ ''ਮਸੀਹ ਦੀ ਦੇਹ'' ਦੋਵੇਂ ਇੱਕੋ ਹਨ?
15. ਸੰਗਠਨ ਅਤੇ ਜੀਵ ਵਿਚ ਤੁਲਨਾ ਕਰਦਿਆਂ ਇਸ ਵਿਚਲੇ ਫ਼ਰਕ ਨੂੰ ਵਿਖਾਓ।

---

ਟਿੱਪਣੀਆਂ

[1]ਨਵੇਂ ਨੇਮ ਵਿਚ ''ਮਸੀਹ ਦੀ ਦੇਹ'' ਅਤੇ ਇਸ ਨਾਲ ਮਿਲਦੇ-ਜੁਲਦੇ ਕਈ ਵਾਕ ਅੰਸ਼ ਅੰਤਿਕਾ 3 ਵਿਚ ਦਿੱਤੇ ਗਏ ਹਨ। ਇਸ ਸੂਚੀ ਨਾਲ ਤੁਹਾਨੂੰ ਇਸ ਵਾਕ ਅੰਸ਼ ਦੀ ਵਰਤੋਂ ਦਾ ਅਧਿਐਨ ਅਤੇ ਕਲੀਸੀਆ ਦੇ ਸੁਭਾਅ ਦੇ ਇਸ ਮਹੱਤਤਾ ਵਾਲੇ ਪਹਿਲੂ ਤੇ ਵਿਚਾਰ ਕਰਨ ਵਿਚ ਮਦਦ ਮਿਲੇਗੀ।